International Journal of Applied Research 2018; 4(4): 475-477




**ISSN Print:** 2394-7500
**ISSN Online:** 2394-5869
**Impact Factor:** 5.2
IJAR 2018; 4(4): 475-477
www.allresearchjournal.com
Received: 21-02-2018
Accepted: 26-03-2018

**Dr. Iqbal Kaur**
Associate Professor,
Mata Sundri College, New Delhi, Delhi, India

**Correspondence**
**Dr. Iqbal Kaur**
Associate Professor,
Mata Sundri College, New Delhi, Delhi, India

# ਸ਼੍ਰੀ ਗੁਰੂ ਤੇਗ ਬਹਾਦਰ ਰਚਿਤ ਕਾਫੀਆਂ

**Dr. Iqbal Kaur**

## ਪਰਿਚਾਏ

ਸ਼੍ਰੀ ਗੁਰੂ ਗ੍ਰੰਥ ਸਾਹਿਬ ਸਿਖਾਂ ਦੇ ਧਾਰਮਕ ਗ੍ਰੰਥ ਹੀ ਨਹੀਂ, ਸਗੋਂ ਮੱਧਕਾਲੀ ਪੰਜਾਬੀ ਸਾਹਿਤ ਦੀ ਗੁਰਮਤਿ ਕਾਵਿਧਾਰਾ ਦੇ ਪ੍ਰਤੀਨਿਧ ਗ੍ਰੰਥ ਵੀ ਹਨ। ਗੁਰੂ ਗ੍ਰੰਥ ਸਾਹਿਬ ਵਿਚ ਸਿੱਖ ਗੁਰੂਆਂ, ਭਗਤਾਂ ਅਤੇ ਗੁਰੂ ਘਰ ਦੇ ਨਿਕਟਵਰਤੀ ਸਿਖਾਂ ਦੀ ਬਾਣੀ ਵੀ ਦਰਜ ਹੈ। ਸਿੱਖ ਗੁਰੂਆਂ ਨੇ ਆਮ ਜਨਤਾ ਤੱਕ ਆਪਣਾ ਸੰਦੇਸ਼ ਪਹੁੰਚਾਣ ਲਈ, ਉਨ੍ਹਾਂ ਕਾਵਿ ਰੂਪਾਂ ਦੀ ਵਰਤੋਂ ਵੀ ਕੀਤੀ ਜਿਸ ਨਾਲ ਆਮ ਲੋਕ ਵਾਕਿਫ ਸਨ। ਗੁਰੂ ਸਾਹਿਬ ਨੇ ਲੋਕ ਪ੍ਰਚਲਿਤ ਕਾਵਿ ਰੂਪਾਂ ਰਾਹੀ ਅਧਿਆਤਮਕ ਸੰਦੇਸ਼ ਦਿਤੇ ਤਾਂ ਜੋ ਆਮ ਵਿਅਕਤੀ ਸਰਲਤਾ ਨਾਲ ਉਸ ਨੂੰ ਸਮਝ ਸਕੇ। ਗੁਰੂ ਸਾਹਿਬਾਨ ਨੇ ਆਪਣੇ ਧਾਰਮਕ ਅਨੁਭਵ ਨੂੰ ਪ੍ਰਗਟਾਉਣ ਲਈ ਜਿਨ੍ਹਾਂ ਕਾਵਿ ਰੂਪਾਂ ਦੀ ਵਰਤੋ ਕੀਤੀ ਉਹ ਹਨ, ਆਰਤੀ, ਅਸ਼ਟਪਦੀ, ਅੰਜਲੀ, ਅਲਾਹੁਣੀਆਂ, ਸੋਦਰ, ਸੁਚੱਜੀ, ਕੁਚੱਜੀ, ਸੋਹਿਲਾ, ਸ਼ਬਦ, ਸਦ, ਗੋਸਟਿ, ਸਲੋਕ, ਲਾਵਾਂ, ਕਰਹਲੇ, ਘੋੜੀਆਂ, ਕਾਫੀਆਂ, ਬਾਰ੍ਹਮਾਹ, ਵਾਰਾਂ, ਬਾਵਨ ਅੱਖਰੀ, ਵਾਰ, ਰੁੱਤੀ, ਸਤਵਾਰ, ਛੰਦ, ਚਉਬੋਲੇ, ਪਹਿਰੇ, ਪਦ, ਆਦਿ। ਇਥੇ ਅਸੀਂ ਕਾਫੀ ਕਾਵਿ ਰੂਪ ਬਾਰੇ ਚਰਚਾ ਕਰਾਂਗੇ। ਪਰ ਉਸ ਤੋਂ ਪਹਿਲਾ ਸਾਨੂੰ ਗੁਰਮਤਿ ਕਾਵਿ ਦੇ ਸਮਾਜਕ, ਰਾਜਨੀਤਕ ਤੇ ਸਭਿਆਚਾਰਕ ਪਿਛੋਕੜ ਨੂੰ ਸਪਸ਼ਟ ਕਰ ਲੈਣਾ ਜ਼ਰੂਰੀ ਹੈ।

ਇਤਿਹਾਸਕ ਦ੍ਰਿਸ਼ਟੀ ਤੋਂ ਗੁਰਮਤਿ ਕਾਵਿ ਦਾ ਸਮਾਂ ੧੨ਵੀਂ ਤੋਂ ੧੭ਵੀਂ ਈਸਵੀ ਤੱਕ ਫੈਲਿਆ ਹੋਇਆ ਹੈ। ਕਾਲ ਵੰਡ ਵਿਚ ਇਸ ਨੂੰ ਭਾਰਤੀ ਇਤਿਹਾਸ ਦਾ ਮੱਧਕਾਲ ਕਿਹਾ ਜਾਂਦਾ ਹੈ। ਇਹ ਸਮਾਂ ਇਸਲਾਮੀ ਚੜ੍ਹਤ ਦਾ ਸੀ। ਮੁਸਲਿਮ ਹਾਕਮਾਂ ਨੇ ਆਪਣੀ ਕਟੜ ਧਾਰਮਕ ਨੀਤੀ ਨਾਲ ਹਿੰਦੂ ਪਰਜਾ ਨੂੰ ਦਹਿਸ਼ਤ, ਦਮਨ ਅਤੇ ਵਿਤਕਰੇ ਦਾ ਸ਼ਿਕਾਰ ਬਣਾਇਆ। ਇਤਿਹਾਸ ਗਵਾਹ ਹੈ ਜ਼ਬਰਦਸਤੀ ਧਰਮ ਪ੍ਰਵਰਤਨ, ਹਿੰਦੂ ਮੰਦਰਾਂ ਦੀ ਬਰਬਾਦੀ ਅਤੇ ਬੇਪੱਤੀ ਕੀਤੀ ਗਈ। ਦੋਹਾਂ ਸਭਿਆਚਾਰਾਂ ਵਿਚਲਾ ਤਨਾਉ ਅਤੇ ਟਕਰਾਉ ਘਟਾਉਣ ਲਈ ਸੰਤਾਂ, ਭਗਤਾਂ, ਸੂਫੀਆਂ ਅਤੇ ਸਿੱਖ ਗੁਰੂ ਸਾਹਿਬਾਨ ਨੇ ਅਹਿਮ ਰੋਲ ਅਦਾ ਕੀਤਾ। ਮੱਧਕਾਲੀ ਸੂਫੀ ਕਵੀਆਂ ਨੇ ਆਪਣੀ ਉਦਾਰ ਮਾਨਵਵਾਦੀ ਭਾਵਨਾਂ ਰਾਹੀਂ ਕਟੜ੍ਹਤਾਂ ਨੂੰ ਘਟਾਉਣ ਦੀ ਕੋਸ਼ਿਸ਼ ਕੀਤੀ। ਇਨ੍ਹਾਂ ਕਵੀਆਂ ਵਿਚੋਂ ਸ਼ਾਹ ਹੁਸੈਨ ਅਤੇ ਬੁਲ੍ਹੇ ਸ਼ਾਹ ਦਾ ਨਾਮ ਵਿਸ਼ੇਸ਼ ਚਰਚਾ ਯੋਗ ਹੈ। ਇਨ੍ਹਾਂ ਦੀਆਂ ਕਾਫੀਆਂ ਤੋ ਸਭ ਵਾਕਿਫ ਹਨ। ਇਹ ਸੂਫੀ ਮਸਤੀ ਦੀ ਅਵਸਥਾ ਵਿਚ ਕਾਫੀਆਂ ਗਾਉਂਦੇ ਸਨ ਅਤੇ ਇਨ੍ਹਾਂ ਦੇ ਆਲੇ ਦੁਆਲੇ ਬੈਠੇ ਸ਼ਰਧਾਲੂ, ਕਾਫੀ ਦੀ ਸਥਾਈ ਤੁਕ ਨੂੰ ਦੁਹਰਾਉਂਦੇ ਸਨ। ਭਾਵ ਆਮ ਵਿਅਕਤੀ 'ਕਾਫੀ' ਤੋਂ ਵਾਕਿਫ ਸੀ। ਇਸਲਈ ਜਦੋਂ ਗੁਰੂ ਸਾਹਿਬਾਨ ਨੇ ਬਾਣੀ ਰਚਨਾ ਸਮੇਂ ਜਿਥੇ ਹੋਰ ਲੋਕ ਪ੍ਰਚਲਿਤ ਕਾਵਿ ਰੂਪਾਂ ਨੂੰ ਅਪਨਾਇਆ ਉਥੇ 'ਕਾਫੀ' ਰਾਹੀਂ ਵੀ ਆਪਣਾ ਆਧਿਆਤਮਕ ਸੰਦੇਸ਼ ਦਿਤਾ।

ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਤੇ ਗੁਰੂ ਤੇਗ ਬਹਾਦਰ ਜੀ ਦੀ 'ਕਾਫੀ' ਰਚਨਾ ਪ੍ਰਾਪਤ ਹੁੰਦੀ ਹੈ। ਇਹ ਕਾਫੀਆਂ ਰਾਗ ਆਸਾ, ਸੂਹੀ, ਮਾਰੂ ਅਤੇ ਤਿਲੰਗ ਵਿਚ ਮਿਲਦੀਆਂ ਹਨ। ਇਥੇ ਅਸੀਂ ਕੇਵਲ ਗੁਰੂ ਤੇਗ ਬਹਾਦਰ ਰਚਿਤ ਰਾਗ ਤਿਲੰਗ ਅੰਗ ੭੨੬ ਤੇ ਮਿਲਦੀਆਂ ਕਾਫੀਆਂ ਦੀ ਚਰਚਾਂ ਕਰਾਂਗੇ। ਪਰ ਉਸ ਤੋਂ ਪਹਿਲਾ ਕਾਫੀ ਰੂਪਾਕਾਰ ਬਾਰੇ ਜਾਨਕਾਰੀ ਹਾਸਿਲ ਕਰਨੀ ਜ਼ਰੂਰੀ ਹੈ।

ਭਿੰਨ ਭਿੰਨ ਵਿਦਵਾਨਾਂ ਨੇ ਕਾਫ਼ੀ ਰੂਪਾਕਾਰ ਬਾਰੇ ਕੀ ਕਿਹਾ ਹੈ, ਇਸ ਤੋਂ ਵੀ ਵਿਚਾਰ ਜ਼ਰੂਰੀ ਹੈ।
ਮਹਾਨ ਕੋਸ਼ ਵਿਚ ਭਾਈ ਕਾਨ੍ਹ ਸਿੰਘ ਨਾਭਾ ਨੇਂ ਕਾਫੀ ਬਾਰੇ ਇਸੇ ਤਰ੍ਹਾਂ ਜਾਨਕਾਰੀ ਦਿਤੀ ਹੈ;

"ਇਕ ਰਾਗਨੀ ਜੋ ਕਾਫੀ ਨਾਟ ਦੀ ਸੰਪੂਰਨ ਰਾਗਨੀ ਹੈ। ਇਸ ਨੂੰ ਗੰਧਾਰ ਸ਼ੁਧ ਅਤੇ ਕੋਮਲ ਲਗਦੇ ਹਨ। ਨਿਸ਼ਾਦ ਕੋਮਲ ਅਤੇ ਬਾਕੀ ਸਾਰੇ ਸ਼ੁਧ ਸੁਰ ਹਨ। ਪੰਚਮ ਵਾਂਦੀ ਅਤੇ ਸ਼ੜਜ ਸੰਵਾਦੀ ਹੈ। ਗਾਉਣ ਦਾ ਵੇਲਾ ਦਿਨ ਦਾ ਚਉਥਾ ਪਹਿਰ ਹੈ। ਗੁਰੂ ਗ੍ਰੰਥ ਵਿਚ ਕਾਫੀ ਵੱਖਰੀ ਨਹੀਂ ਲਿਖੀ ਗਈ ਕਿੰਤੂ ਆਸਾ, ਤਿਲੰਗ, ਸੂਹੀ ਅਤੇ ਮਾਰੂ ਨਾਲ ਮਿਲਾ ਕੇ ਲਿਖੀ ਗਈ ਹੈ। "(੧)

ਕਾਫੀ ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈਂ, ਪਿਛੇ ਚਲਣ ਵਾਲਾ, ਅਨੁਚਰ, ਅਨੁਗਾਮੀ, ਗਿਆਨਵਾਨ, ਬੇਨਿਆਜ਼ ਕਰਨ ਵਾਲਾ। ਕਈ ਵਿਦਵਾਨਾਂ ਨੇ ਇਸ ਨੂੰ ਕਾਵਿ ਰੂਪ ਆਖਿਆ ਹੈ, ਕਈਆਂ ਨੇ ਰਾਗ ਦੀ ਇਕ ਵੰਨਗੀ ਜਾਂ ਵਿਸ਼ੇਸ਼ ਕਾਵਿ ਸ਼ੈਲੀ ਆਖਿਆ ਹੈ।

'ਇਸ ਦੀ ਵਿਧਾਗਤ ਵਿਸ਼ੇਸ਼ਤਾ ਇਹ ਹੈ ਕਿ ਇਸ ਦੇ ਕੇਂਦਰ ਵਿਚ ਇਕ ਸਥਾਈ ਪਦ ਹੁੰਦਾ ਹੈ ਜਿਸ ਨੂੰ ਬਾਰ-ਬਾਰ ਦੁਹਰਾਇਆਂ ਜਾਂਦਾ ਹੈ। '(੨)

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ,

'ਛੰਦ ਦਾ ਉਹ ਪਦ ਜੋ ਸਥਾਈ ਹੋਵੇ (ਰਹਾਉ) ਜਿਸ ਪਿਛੇ ਹੋਰ ਤੁਕਾਂ ਗਾਉਣ ਸਮੇਂ ਜੋੜਿਆਂ ਜਾਣ ਅਤੇ ਜੋ ਮੁੜ ਮੁੜ ਗੀਤ ਦੇ ਤਾਲ ਵਿਸ਼੍ਰਾਮ ਪੁਰ ਆਏ। ਜੋ ਕਾਫ਼ੀ ਹੈ ਉਹ ਛੰਦ ਦੀ ਖਾਸ ਜਾਤ ਹੈ। ਸੂਫੀ ਫਕੀਰ ਜੋ ਪ੍ਰੇਮ ਭਰੇ ਗੀਤ ਗਾਇਆ ਕਰਦੇ ਸਨ ਅਤੇ ਜਿਨ੍ਹਾਂ ਪਿਛੇ ਸਾਰੀ ਮੰਡਲੀ ਮੁੱਖੀਏ ਦੇ ਕਹੇ ਪਦ ਨੂੰ ਦੁਹਰਾਉਂਦੀ ਹੈ ਉਹ ਕਾਫੀ ਨਾਮ ਤੋਂ ਪ੍ਰਸਿੱਧ ਹਨ। ਕਈਆਂ ਨੇ ਤਾਟੰਕ ਛੰਦ ਦੀ ਚਾਲ ਨੂੰ ਵੀ ਕਾਫੀ ਦਾ ਸਰੂਪ ਦਸਿਆ ਹੈ, ਪਰ ਇਹ ਸਹੀ ਨਹੀਂ ਕਿਉਂਕਿ ਕਾਫੀ ਖਾਸ ਛੰਦ ਨਹੀਂ ਹੈ ਕਿੰਤੂ ਗਾਉਣ ਦਾ ਇਕ ਢੰਗ ਹੈ। "(੩)

ਡਾ. ਰਤਨ ਸਿੰਘ ਜੱਗੀ ਆਪਣੀ ਪੁਸੱਤਕ ਸਾਹਿਤ ਦੇ ਰੂਪ ਵਿਚ ਲਿਖਦੇ ਹਨ ਕਿ ਕਾਫੀ ਗਾਉਣ ਲਈ ਲਿਖੀ ਇਕ ਅਜਿਹੀ ਕਾਵਿ ਰਚਨਾ ਹੈ ਜਿਸ ਲਈ ਕੋਈ ਨਿਸ਼ਚਿਤ ਛੰਦ ਨਹੀ ਇਹ ਕਿਸੇ ਵੀ ਰਾਗ ਵਿਚ ਗਾਈ ਜਾ ਸਕਦੀ ਹੈ। ਲੇਖਕ ਦੇ ਵਿਚਾਰ ਅਨੁਸਾਰ ਕਾਫੀਆਂ ਦਾ ਆਰੰਭ ਸੂਫੀ ਕਵੀਆਂ ਤੋਂ ਹੋਇਆ ਇਸ ਲਈ ਰੱਹਸਵਾਦੀ ਅਨੁਭਵ ਅਤੇ ਅਧਿਆਤਮਕ ਵਿਸ਼ੇ ਕਾਫੀ ਦਾ ਜ਼ਰੂਰੀ ਅੰਗ ਹਨ। ਕਾਫੀਆਂ ਵਿਚ ਜਿਗਿਆਸੂ ਨੂੰ ਉਪਦੇਸ਼ ਦੇ ਕੇ ਉੱਤਮ ਜੀਵਨ ਜਾਚ ਲਈ ਪ੍ਰੇਰਿਆ ਜਾਂਦਾ ਹੈ।
'ਕਾਫ਼ੀ' ਬਾਰੇ ਮੁਢੱਲੀ ਜਾਨਕਾਰੀ ਹਾਸਿਲ ਕਰਨ ਉਪਰੰਤ ਹੁਣ ਅਸੀਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਿਲਦੀਆਂ ਗੁਰੂ ਤੇਗ ਬਹਾਦਰ ਜੀ ਦੀਆਂ ਕਾਫੀਆਂ ਬਾਰੇ ਗਲ ਕਰਾਂਗੇ। ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ੧੫ ਰਾਗਾਂ ਵਿਚ ਮਿਲਦੀ ਹੈ। ਜਿਸ ਵਿਚ ੫੯ ਸ਼ਬਦ ਅਤੇ ੫੭ ਸਲੋਕ ਹਨ। ਇਸ ਵਿਚੋਂ ਤਿਲੰਗ ਰਾਗ ਵਿਚ ਲਿਖੀਆਂ ਕਾਫੀਆਂ ਵੀ ਮਿਲਦੀਆਂ ਹਨ।
ਗੁਰੂ ਤੇਗ ਬਹਾਦਰ ਜੀ ਨੇ ਚਾਹੇ ਬਾਣੀ ਰਚਨਾਂ ਸ਼ਬਦਾਂ ਵਿਚ ਕੀਤੀ, ਸਲੋਕਾਂ ਵਿਚ ਜਾਂ ਕਾਫੀਆਂ ਵਿਚ, ਅਸੀਂ ਦੇਖਦੇ ਹਾਂ ਕਿ ਉਨ੍ਹਾਂ ਦੀ ਬਾਣੀ ਦਾ ਆਪਣਾ ਇਕ ਨਿਖੜਵਾਂ ਸਰੂਪ ਹੇ। ਆਪ ਦੀ ਇਸ ਵਿਲੱਖਣਤਾ ਦਾ ਕਾਰਨ ਉਨ੍ਹਾਂ ਦੀ ਸਾਰੀ ਬਾਣੀ ਵਿਚ ਤਿਆਗ ਅਤੇ ਵੈਰਾਗ ਦੀ ਭਾਵਨਾ ਪ੍ਰਬਲ ਰੂਪ ਵਿਚ ਮਿਲਦੀ ਹੈ। ਜਗਤ ਦੀ ਨਾਸ਼ਮਾਨਤਾ ਦਾ ਡੂੰਘਾਂ ਅਹਿਸਾਸ ਵੈਰਾਗ ਦੀ ਭਾਵਨਾ ਉਤਪੰਨ ਕਰਦਾ ਹੈ। ਸੰਸਾਰ ਦੀ ਨਾਸ਼ਮਾਨਤਾ ਦੀ ਤਸਵੀਰ ਪੇਸ਼ ਕਰਦੇ ਹੋਏ, ਗੁਰੂ ਜੀ ਵਿਅਕਤੀ ਨੂੰ ਮੁਕਤੀ ਦਾ ਰਾਹ ਵੀ ਸਪਸ਼ਟ ਕਰਦੇ ਹਨ,

ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ।।
ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ।। (੪)

ਗੁਰੂ ਜੀ ਨੇ ਕਈ ਵਿਰੋਧੀ-ਜੁਟ ਸਿਰਜੇ ਜਿਵੇਂ ਉਸੱਤਤ-ਨਿੰਦਾ, ਕੰਚਨ-ਲੋਹ, ਹਰਖ-ਸੋਗ, ਬੈਰੀ-ਮੀਤ ਆਦਿ ਇਹ ਸਮਜੁਟ ਜੀਵਨ ਪ੍ਰਤੀ ਸਮਦ੍ਰਿਸ਼ਟੀ ਤੇ ਨਿਰਲੇਪਤਾ ਦਾ ਪ੍ਰਗਟਾਵਾ ਕਰਦੇ ਹਨ।

'ਇਹ ਸੋਚ ਉਦੋ ਹੀ ਉਤਪੰਨ ਹੋ ਸਕਦੀ ਹੈ ਜਦੋਂ ਬੰਦਾਂ ਪਰਮਾਰਥਕ ਦ੍ਰਿਸ਼ਟੀ ਤੋਂ ਜਗਤ ਰਚਨਾ ਦੇ ਰਹਿਸ ਨੂੰ ਸਮਝ ਲੈਂਦਾ ਹੈ ਉਸ ਹਾਲ ਵਿਚ ਸੰਸਾਰ ਪ੍ਰਤੀ ਉਸ ਦਾ ਵਰਤੀਰਾ ਬਿਲਕੁਲ ਬਦਲ ਜਾਂਦਾ ਹੈ, ਉਸ ਵਿਅਕਤੀ ਨੂੰ ਹੀ ਗੁਰੂ ਕਵੀ ਨੇ ਮੁਕਤ ਵਿਅਕਤੀ ਆਖਿਆ ਹੈ। "(੫)

ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ।।
ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ।। (੬)

ਗੁਰੂ ਸਾਹਿਬ ਵਿਅਕਤੀ ਨੂੰ ਸੰਬੋਧਿਤ ਹੋ ਕੇ ਕਹਿੰਦੇ ਹਨ ਕਿ ਇਹ ਗਲ ਅੱਜ ਕਲ ਵਿਚ ਹੀ ਸਮਝ, ਜੋ ਤੇਰੀ ਉਮਰ ਇਸੇ ਤਰ੍ਹਾਂ ਬੀਤ ਰਹੀ ਹੈ ਜਿਵੇਂ ਟੁੱਟੇ ਘੜੇ ਵਿਚੋਂ ਪਾਣੀ ਸਿੰਮਦਾ ਹੈ ਘਟਦਾ ਰਹਿੰਦਾ ਹੈ। ਪਰ ਇਨਸਾਨ ਦੁਨਿਆਵੀ ਲਾਲਚਾਂ ਵਿਚ ਆਪਣੀ ਮੌਤ ਵੀ ਭੁੱਲੀ ਬੈਠਾ ਹੈ।

ਅਜਹੂ ਕਛੁ ਬਿਗਰਿਓ ਨਹੀਂ ਜੋ ਪ੍ਰਭ ਗੁਨ ਗਾਵੈ।।
ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ।।(੭)

ਗੁਰੂ ਜੀ ਆਖਦੇ ਹਨ ਕਿ ਅਗਰ ਹੁਣ ਵੀ ਤੂੰ ਪ੍ਰਭ ਦੇ ਗੁਣ ਗਾਉਣ ਲਗ ਪਵੇਂਗਾ ਤਾਂ ਤੈਨੂੰ ਨਿਰਭੈ ਪਦ ਦੀ ਪ੍ਰਾਪਤੀ ਹੋਵੇਗੀ। ਇਸ ਕਾਫ਼ੀ ਵਿਚ ਗੁਰੂ ਸਾਹਿਬ ਨੇ ਪ੍ਰਾਨੀ ਨੂੰ ਸੰਸਾਰ ਦੀ ਨਾਸ਼ਮਾਨਤਾ ਯਾਦ ਕਰਾਈ ਹੈ। ਜਿਸ ਦੁਨੀਆ ਵਿਚ ਅਸੀਂ ਦਿਲ ਲਗਾਈ ਬੈਠੇ ਹਾਂ ਇਹ ਝੂਠ ਹੈ, ਇਥੋਂ ਚਲੇ ਜਾਣਾ ਹੈ।

ਪਰ ਮੌਤ ਤੋਂ ਵੀ ਡਰਨ ਦੀ ਲੋੜ ਨਹੀਂ। ਪ੍ਰਮਾਤਮਾ ਦਾ ਨਾਮ ਜਪਣ ਵਾਲਾ ਭੈਅ ਰਹਿਤ ਹੋ ਜਾਂਦਾ ਹੈ।
ਅਗਲੀ ਕਾਫੀ ਵਿਚ ਗੁਰੂ ਸਾਹਿਬ ਨੇ ਮਨੁੱਖੀ ਸ਼ਰੀਰ ਦੀ ਨਾਸ਼ਮਾਨਤਾ ਦੀ ਗਲ ਕੀਤੀ ਹੈ। ਉਹ ਬਾਰ-ਬਾਰ ਬੰਦੇ ਨੂੰ ਚੇਤਾਵਨੀ ਦੇ ਰਹੇ ਹਨ। ਗੁਰੂ ਸਾਹਿਬ ਸਮਝਾਉਂਦੇ ਹਨ ਕਿ ਅਗਰ ਅਪਣੇ ਸ਼ਰੀਰ ਨੇ ਹੀ ਸਾਥ ਨਹੀ ਦੇਣਾ ਤਾਂ ਫਿਰ ਇਸ ਨਾਲ ਮੋਹ ਕਿਉਂ?

ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ।।
ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ।। (੮)

ਇਹ ਨਹੀ ਕਿ ਸਾਡਾ ਸ਼ਰੀਰ ਹੀ ਸਾਥ ਨਹੀਂ ਦੇਵੇਗਾ ਸਗੋਂ ਮਾਂ, ਬਾਪ, ਪੁਤੱਰ, ਸੱਕੇ ਸੰਬੰਧੀ ਜਿਨ੍ਹਾਂ ਨੂੰ ਅਸੀ ਪਿਆਰ ਕਰਦੇ ਹਾਂ ਆਪਣਾ ਸਮਝਦੇ ਹਾਂ, ਜਦੋਂ ਜੀਵ ਮਰਦਾ ਤਾਂ ਇਹੀ ਪਿਆਰੇ ਇਸ ਦੇਹ ਨੂੰ ਅੱਗ ਦੇ ਹਵਾਲੇ ਕਰ ਦੇਂਦੇ ਹਨ। ਇਹ ਦੁਨੀਆ ਦੀ ਰੀਤ ਹੈ। ਵਾਸਤਵ ਵਿਚ ਇਹ ਸਾਰਾ ਸੰਸਾਰ ਇਕ ਸੁਪਨੇ ਵਰਗਾ ਹੈ। ਇਸ ਲਈ ਉਹ ਆਖਦੇ ਹਨ ਕਿ ਦੁਨੀਆ ਦਾ ਇਹ ਸੱਚ ਸਮਝੋ ਅਤੇ ਪ੍ਰਭੂ ਭਗਤੀ ਵਿਚ ਆਪਣਾ ਮਨ ਲਗਾਉ। ਉਹ ਚੇਤਾਵਨੀ ਦੇਂਦੇ ਹੋਏ ਆਪਣੇ ਮਨ ਨੂੰ ਆਖਦੇ ਹਨ ਕਿ ਸਮਾਂ ਬੀਤੀ ਜਾ ਰਿਹਾ ਹੈ, ਜਿਸ ਪ੍ਰਭੂ ਦੇ ਨਾਮ ਨੇ ਲੋਕ ਪਰਲੋਕ ਵਿਚ ਸਾਥ ਦੇਣਾ ਹੈ, ਉਸ ਦਾ ਜਸ ਗਾ ਲੈ। ਉਮਰ ਬੀਤੀ ਜਾ ਰਹੀ ਹੈ ਬੰਦੇ ਦੀ ਮੌਤ ਨਿਸ਼ਚਿਤ ਹੈ ਅੰਤ ਵੇਲੇ ਕੋਈ ਸਹਾਈ ਨਹੀ ਹੋਵੇਗਾ। ਮਾਇਆ ਦਾ ਮੋਹ, ਧੰਨ, ਸੰਪਤੀ, ਰਾਜ ਅੰਤਕਾਲ ਵਿਚ ਕੋਈ ਵੀ ਸਹਾਇਤਾਂ ਨਹੀਂ ਕਰਦਾ।

ਸੰਪਤਿ ਰਥ ਰਾਜ ਸਿਉ ਅਤਿ ਨੇਹੁ ਲਗਾਇਓ।।
ਕਾਲ ਫਾਸ ਜਬ ਗਲਿ ਪਰੀ ਸਭ ਭਇਓ ਪਰਾਇਓ।। (੯)

ਜਾਨਿ ਬੂਝ ਕੈ ਬਾਵਰੇ ਤੈ ਕਾਜੁ ਬਿਗਾਰਿਓ।।
ਪਾਪ ਕਰਤ ਸੁਕਚਿਓ ਨਹੀ ਨਹ ਗਰਬੁ ਨਿਵਾਰਿਓ।। (੧੦)

ਉਪਰੋਕਤ ਪੰਕਤੀਆਂ ਵਿਚ ਗੁਰੂ ਜੀ ਆਖਦੇ ਹਨ ਕਿ ਹੇ ਪਾਗਲ ਮਨਾ ਤੂੰ ਜਾਣਬੁਝ ਕੇ ਆਪਣਾ ਕੰਮ ਖਰਾਬ ਕਰ ਲਿਆ ਹੈ ਨਾ ਤੂੰ ਪਾਪ ਕਰਨ ਤੋਂ ਡਰਦਾ ਹੈ ਨਾਹੀਂ ਹੰਕਾਰ ਛੱਡਦਾ ਹੈ। ਉਹ ਬਾਰ ਬਾਰ ਮਨੁੱਖ ਨੂੰ ਸਮਝਾਉਂਦੇ ਹਨ ਕਿ ਤੇਰਾ ਛੁਟਕਾਰਾ ਤਾਂ ਹੀ ਨਹੀਂ ਹੈ ਜੇ ਤੂੰ ਆਪਣਾ ਪ੍ਰਭੂ ਦੀ ਭਗਤੀ ਵਿਚ, ਨਾਮ ਸਿਮਰਨ ਵਿਚ ਲਗਾਵੇ।
ਇਨ੍ਹਾਂ ਕਾਫੀਆਂ ਦੇ ਅਧਿਐਨ ਉਪਰੰਤ ਸਾਨੂੰ ਇਹ ਗਲ ਨਿਸ਼ਚਿਤ ਹੋ ਜਾਂਦੀ ਹੈ ਕਿ ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਬਾਰ ਬਾਰ ਸੰਸਾਰਕ ਨਾਸ਼ਮਾਨਤਾ ਦੀ ਗਲ ਕੀਤੀ ਹੈ। ਅਤੇ ਜਿਸ ਵੈਰਾਗ ਦੀ ਗਲ ਕੀਤੀ ਹੈ ਉਹ ਇਸੇ ਰੀਤ ਕਾਰਨ ਉਤਪੰਨ ਹੁੰਦਾ ਹੈ। ਮਨੁੱਖੀ ਮਨ ਦੀ ਇਹ ਹੀ ਤ੍ਰਾਸਦੀ ਹੈ ਕਿ ਉਹ ਜਿਸ ਸੰਸਾਰ ਵਿਚ ਰਹਿੰਦਾ ਹੈ, ਜਿਥੇ ਉਸ ਦਾ ਮੋਹ ਹੈ ਅਸਲ ਵਿਚ ਉਥੇ ਉਸ ਦਾ ਕੁਝ ਵੀ ਨਹੀਂ।

## ਟਿਪਣੀਆਂ


1. ਮਹਾਨ ਕੋਸ਼, ਭਾਈ ਕਾਨ੍ਹ ਸਿੰਘ ਨਾਭਾ, ਭਾਸ਼ਾ ਵਿਭਾਗ ਪੰਜਾਬ, ਪੰਨਾ-੩੧੯
2. ਗੁਰਮਤਿ ਕਾਵਿ ਦਾ ਇਤਿਹਾਸ, ਡਾ. ਜਗਬੀਰ ਸਿੰਘ, ਪੰਜਾਬ ਅਕਾਦਮੀ ਦਿਲੀ, ਪੰਨਾ-੭੧
3. ਮਹਾਨ ਕੋਸ਼ ਪੰਨਾ ੩੧੯
4. ਆਦਿ ਗੁਰੂ ਗ੍ਰੰਥ ਸਾਹਿਬ, ਪੰਨਾ-੧੪੨੭
5. ਗੁਰਮਤਿ ਕਾਵਿ ਦਾ ਇਤਿਹਾਸ ਉਹੀ ਪੰਨਾ-੧੭੦
6. ਗੁਰੂ ਗ੍ਰੰਥ ਸਾਹਿਬ ਪੰਨਾ ੭੨੬
7. ਉਹੀ ਪੰਨਾ ੭੨੬
8. ਉਹੀ ਪੰਨਾ ੭੨੬
9. ਉਹੀ ਪੰਨਾ ੭੨੬
10. ਉਹੀ ਪੰਨਾ ੭੨੬